# ਸੁੰਦਰ

ਸ਼ਿਮਲੇ ਵਿਚ ਕੜਾਹ ਪੂਰੀ ਦੀ ਇਕ ਦਕਾਨ ਤੇ ਉਹ ਨੌਕਰ ਸੀ । ਦੋ ਸਾਲ ਹੋਏ ਜਦੋਂ ਉਹ ਅਜੇ ਮਸਾਂ ਅਠਾਂ ਵਰ੍ਹਿਆਂ ਦਾ ਸੀ, ਉਸ ਦਾ ਪਿਉ ਰਾਮ ਰਖਾ ਉਸ ਨੂੰ ਨਾਲ ਲਿਆ ਕੇ ਏਸ ਦੁਕਾਨ ਤੇ ਰਖਾ ਗਿਆ ਸੀ। ਪਹਿਲਾਂ ਤਾਂ ਸੁੰਦਰ ਕਈ ਵੇਰ ਉਦਾਸ ਹੋ ਲੁਕ ਲੁਕ ਕੇ ਡੁਸਕਦਾ ਹੁੰਦਾ ਸੀ ਤੇ ਇਕ ਵੇਰ ਚੋਰੀ ਘਰ ਵੀ ਭਜ ਗਿਆ ਸੀ ਪਰ ਹੌਲੇ ਹੌਲੇ ਉਸ ਦਾ ਜੀਅ ਲਗ ਗਿਆ । ਰਾਮ ਰਖਾ ਇਸ ਕੰਮ ਨੂੰ ਚੋਖੇ ਨਫ਼ੇ ਵਾਲਾ ਸਮਝਦਾ ਸੀ। ਸੁੰਦਰ ਦੀ ਤਨਖ਼ਾਹ ਨਾਲ ਘਰ ਦਾ ਲੂਣ ਤੇਲ ਵੀ ਟੁਰਦਾ ਜਾਂਦਾ ਤੇ ਰਾਮ ਰਖੇ ਦੀ ਸੌੜੀ ਜਿਹੀ ਭੋਇੰ ਦਾ ਮਾਮਲਾ ਵੀ ਸਹਿਜੇ ਹੀ ਤਰ ਜਾਂਦਾ । ਗਾਂ ਪਿਛੇ ਟਾਹਰਾਂ ਲਾਉਣ ਵਾਲਾ ਕੰਮ ਸੁੰਦਰ ਨੂੰ ਭਾਵੇਂ ਬਹੁਤ ਪਿਆਰਾ ਲਗਦਾ ਸੀ ਪਰ ਰਾਮ ਰਖਾ ਨੌਕਰੀ ਦੇ ਹੱਕ ਵਿਚ ਹੀ ਸੀ।

ਹੱਟੀ ਵਿਚ ਸੁੰਦਰ ਇਕ ਭੀੜੀ ਜਿਹੀ ਕੁਰ ਵਿਚ ਬੈਠਕੇ ਭਾਂਡੇ ਮਾਂਜਦਾ ਰਹਿੰਦਾ । ਹਟੀ ਦੇ ਹਨੇਰੇ ਵਿਚ ਉਸ ਦੇ ਕਈ ਮਹੀਨਿਆਂ ਦੇ ਅਨਧੋਤੇ ਕਪੜੇ, ਸੁਆਹ ਨਾਲ ਲਿਬੜੀ ਹੋਈ ਟੋਪੀ ਤੇ ਸਰੀਰ ਦੇ ਨੰਗੇ ਹਿਸੇ ਕੋਲ ਪਏ ਸੁਆਹ ਦੇ ਢੇਰ ਤੇ ਭਾਂਡਿਆਂ ਵਿਚ ਇਸ ਤਰ੍ਹਾਂ ਰਲ ਮਿਲ ਜਾਂਦੇ ਕਿ ਕਈ ਕੋਲ ਬੈਠੇ ਕੜਾਹ

ਪੂਰੀਆਂ ਖਾਂਦੇ ਬਾਬੂਆਂ ਨੂੰ ਉਸ ਦੀ ਹੋਂਦ ਦਾ ਪਤਾ ਵੀ ਨਾ ਲਗਦਾ । ਇਕ ਵੇਰ ਤਾਂ ਆਪਣੇ ਹਿਸਾਬ ਕਿਤਾਬ ਵਿਚ ਗੁੰਮ ਇਕ ਗੋਗੜ ਵਾਲੇ ਲਾਲਾ ਜੀ ਨੇ ਜਦ ਸੁੰਦਰ ਨੂੰ ਆਪਣੇ ਕੋਲੋਂ ਸੁਆਹ ਦੇ ਢੇਰ ਵਿਚੋਂ ਪੈਦਾ ਹੁੰਦਾ ਵੇਖਿਆ ਤਾਂ ਉਹ ਤ੍ਰਭਕ ਕੇ ਖੜੇ ਹੋ ਗਏ ਤੇ ਡਰ ਨਾਲ ਉਨ੍ਹਾਂ ਨੂੰ ਤਰੇਲੀ ਆ ਗਈ । ਸ਼ਿਮਲੇ ਦੀਆਂ ਹੋਰ ਘਟੀਆ ਦਰਜੇ ਦੀਆਂ ਥਾਵਾਂ ਵਾਂਗ ਇਹ ਹਟੀ ਵੀ ਬੜੀ ਸੌੜੀ ਸੀ ਤੇ ਜੇਹੜੀ ਥੋਹੜੀ ਬਹੁਤ ਥਾਂ ਹੈ ਸੀ ਉਹ ਬੈਂਚਾਂ ਤੇ ਛੋਟੇ ਛੋਟੇ ਮੇਜ਼ਾਂ ਨੇ ਮੱਲੀ ਹੋਈ ਸੀ । ਇਸੇ ਕਰਕੇ ਹੀ ਸੁੰਦਰ ਨੂੰ ਇਕ ਗੁਠ ਵਿਚ ਘੁਸਰਿਆ ਰਹਿਣਾ ਪੈਂਦਾ ਸੀ । ਇਹ ਥਾਂ ਤੇ ਕੁਝ ਏਡੀ ਖਰਾਬ ਨਹੀਂ ਸੀ । ਪਹਿਲਾਂ ਤੇ ਜਦ ਇਕ ਦਿਨ ਵਡੇ ਲਾਲਾ ਜੀ ਦੁਕਾਨ ਤੇ ਆਏ ਸਨ ਤਾਂ ਹੁਕਮ ਦੇ ਗਏ ਸਨ ਕਿ ਸੁੰਦਰ ਦੀ ਭਾਂਡੇ ਮਾਂਜਣ ਵਾਲ ਥਾਂ ਤੇ ਹੱਥ ਧੋਣ ਵਾਲਾ ਹਮਾਮ ਰਖਿਆ ਜਾਏ ਤੇ ਸੁੰਦਰ ਆਪਣੀ ਸੁਆਹ ਤੇ ਭਾਂਡਿਆਂ ਸਮੇਤ ਮਠਾਈਆਂ ਵਾਲੇ ਤਖ਼ਤ ਪੋਸ਼ ਦੇ ਹੇਠਾਂ ਡੇਰਾ ਲਾ ਲਵੇ । ਤਖ਼ਤ ਪੋਸ਼ ਦੇ ਹੇਠਾਂ ਸੁੰਦਰ ਵਧੇਰੇ ਤੰਗ ਸੀ । ਨਾ ਤੇ ਸਿਰ ਹੀ ਸਿਧਾ ਹੁੰਦਾ ਸੀ ਤੇ ਨਾ ਕੋਈ ਆਇਆ ਗਿਆ ਨਜ਼ਰੀ ਪੈਂਦਾ ਸੀ । ਨਾਲੇ ਬਾਹਰ ਨਿਕਲਣ ਲਗਿਆਂ ਲੱਤਾਂ ਗੋਡੇ ਰਗੜੇ ਜਾਂਦੇ ਸਨ । ਅਖੀਰ ਕਈ ਇਕ ਗਾਹਕਾਂ ਦੇ ਜ਼ੋਰ ਦੇਣ ਤੇ ਸੁੰਦਰ ਨੂੰ ਸੀ ਕਲਾਸ ਵਿਚੋ ਹੁਣ ਵਾਲੀ ਬੀ ਕਲਾਸ ਵਿਚ ਬਦਲੀ ਕੀਤਾ ਗਿਆ । ਦੁਕਾਨ ਵਿਚ ਕਦੀ ਕੋਈ ਛੁਟੀ ਨਹੀਂ ਸੀ ਹੁੰਦੀ ਨਾ ਐਤਵਾਰ ਤੇ ਨਾ ਕਿਸੇ ਦਿਨ ਦਿਹਾਰ। ਦੋ ਤਿੰਨ ਛੁਟੀਆਂ ਜਿਹੜੀਆਂ ਸੁੰਦਰ ਦੀ ਦੋ ਸਾਲ ਦੀ ਨੌਕਰੀ ਵਿਚ ਹੋਈਆਂ ਓਦੋਂ ਹੋਈਆਂ ਜਦੋਂ ਸ਼ਿਮਲੇ ਦੇ ਗਵਾਲਿਆਂ ਨੇ ਹੜਤਾਲ ਕੀਤੀ ਸੀ। ਪਰ ਮੌਜਾਂ ਤੇ ਓਦੋਂ ਬਣਦੀਆਂ ਜਦੋਂ ਨੌਂ ਵਜੇ ਦੁਕਾਨ ਬੰਦ ਹੋਣ ਪਿਛੋਂ ਸੁੰਦਰ ਆਖ਼ਰੀ ਗਲਾਸ ਮਾਂਜ ਆਪਣੇ ਲੰਗੋਟੀਏ

ਯਾਰ ਦੁਰਗੇ ਨੂੰ ਨਾਲ ਲੈ ਕੇ ਪਹਾੜ ਦੀਆਂ ਉਚੀਆਂ ਨੀਵੀਆਂ ਸੜਕਾਂ ਤੇ ਚੁੰਘਾਂ ਮਾਰਦਾ ਗੁਰਦਵਾਰੇ ਜਾਂਦਾ ਸੀ। ਗੁਰਦਵਾਰੇ ਦਸ ਵਜੇ ਭੋਗ ਪੈਂਦਾ ਤੇ ਉਸ ਤੋਂ ਪਿਛੋਂ ਕੜਾਹ ਪਰਸ਼ਾਦ ਵਰਤਦਾ। ਕੜਾਹ ਲੈ ਇਹ ਦੋਵੇਂ ਫਿਰ ਹਸਦੇ ਖੇਡਦੇ ਆਪਣੀਆਂ ਆਪਣੀਆਂ ਹਟੀਆਂ ਵਿਚ ਆ ਕੇ ਬੈਂਚਾਂ ਤੇ ਸੌ ਜਾਂਦੇ। ਤੜਕੇ ਹੀ ਅਧੇ ਸੁਤੇ ਅਧੇ ਜਾਗਦੇ ਉਹ ਫਿਰ ਕੰਮ ਤੇ ਲਾ ਲਏ ਜਾਂਦੇ ਤੇ ਇਸ ਤਰ੍ਹਾਂ ਦੂਜਾ ਦਿਨ ਸ਼ੁਰੂ ਹੁੰਦਾ।

ਸੁੰਦਰ ਦਾ ਦੁਰਗੇ ਤੇ ਚੋਖਾ ਰੁਹਬ ਸੀ। ਸੁੰਦਰ ਹੀ ਦੁਰਗੇ ਨੂੰ ਨੌਕਰੀ ਵਾਸਤੇ ਸ਼ਿਮਲੇ ਲਿਆਇਆ ਸੀ ਤੇ ਦੁਰਗਾ ਉਸ ਨੂੰ ਹਰ ਮੁਸ਼ਕਲ ਦੇ ਹਲ ਕਰਨ ਵਾਲਾ ਤੇ ਪੂਰਾ ਵੀਹਵੀਂ ਸਦੀ ਦਾ ਆਦਮੀ ਸਮਝਦਾ ਸੀ। ਸੁੰਦਰ ਸਾਰੇ ਰਾਹਾਂ ਤੋਂ ਜਾਣੂ ਸੀ ਤੇ ਨਾਲੇ ਉਹ ਦੁਰਗੇ ਨੂੰ ਹਰ ਗਲ ਦੇ ਸਾਰੇ ਭੇਦ ਖੋਲ੍ਹਕੇ ਦਸ ਸਕਦਾ ਸੀ। ਇਕ ਭੇਦ ਜਿਸ ਦਾ ਦੁਰਗੇ ਨੂੰ ਪਹਿਲਾਂ ਅਸਲੋਂ ਪਤ ਨਹੀਂ ਸੀ ਸੁੰਦਰ ਨੇ ਇਹ ਦਸਿਆ ਕਿ ਸ਼ਿਮਲੇ ਵਿਚ ਕਈ ਅਸਲੀ ਚੀਜ਼ਾਂ ਨਕਲੀ ਜਾਪਦੀਆਂ ਹਨ ਤੇ ਕਈ ਨਕਲੀ ਚੀਜ਼ਾਂ ਅਸਲੀ। ਇਕ ਮੇਮ ਦੇ ਅਗੇ ਅਗੇ ਭਜਾ ਆਉਂਦਾ ਉਸ ਦਾ ਨਿਕਾ ਜਿਹਾ ਪੁਤਰ ਵੇਖਕੇ ਦੁਰਗੇ ਨੇ ਸੁੰਦਰ ਨੂੰ ਬਾਹੋਂ ਫੜਕੇ ਕੰਨਾਂ ਵਿਚ ਪੁਛਿਆ, "ਅਸਲੀ ਏ ਕਿ ਨਕਲੀ?" "ਨਕਲੀ।" ਤੇ ਦੁਰਗਾ ਚਾਈਂ ਚਾਈਂ ਉਸ ਦੇ ਪਿਛੇ ਭਜਣ ਲਗ ਪਿਆ, ਪਈ ਜਦੋਂ ਡਿਗੇਗਾ ਫੜਕੇ ਮੇਮ ਦੇ ਹਥ ਫੜਾ ਦਿਆਂਗਾ। ਆਪਣੇ ਪੁਤਰ ਪਿਛੇ ਭਜਦਾ ਵੇਖਕੇ ਮੇਮ ਨੇ ਦੁਰਗੇ ਨੂੰ ਅੰਗਰੇਜ਼ੀ ਵਿਚ ਚੋਰ ਦਾ ਦਾਬਾ ਮਾਰਿਆ ਤੇ ਸੁੰਦਰ ਵੀ ਪਿਛੋਂ ਉੱਚੀ ਉੱਚੀ ਹਸਣ ਲਗ ਪਿਆ।

ਇਕ ਸਾੜ੍ਹੀਆਂ ਵਾਲੀ ਹਟੀ ਦੀ ਸ਼ੀਸ਼ੇ ਦੀ ਬਾਹਰਲੀ ਬਾਰੀ ਵਿਚ ਇਕ ਜ਼ਨਾਨੀ ਸਾੜ੍ਹੀ ਪਾਈ ਖਲੋਤੀ ਸੀ। ਦੁਰਗੇ ਨੇ ਉਸ ਵਲ

ਉਂਗਲੀ ਕਰਕੇ ਪੁਛਿਆ, "ਅਸਲੀ ਕਿ ਨਕਲੀ?" ਸੁੰਦਰ ਨੇ ਕਿਹਾ "ਅਸਲੀ" ਪਰ ਦੁਰਗਾ ਪਿਛਲੇ ਮਖ਼ੌਲਾਂ ਤੋਂ ਡਰਦਾ ਹੁਣ ਛੇਤੀ ਮੰਨਣ ਵਾਲਾ ਨਹੀਂ ਸੀ। ਜ਼ਨਾਨੀ ਦੇ ਸਿਰ ਤੋਂ ਰੋਗਨ ਦੀ ਇਕ ਚਿਪਰ ਲਥੀ ਵੇਖ ਕੇ ਝਟ ਬੋਲਿਆ, "ਨ੍ਹੀਂ ਓਏ ਇਹ ਤੇ ਖਡੌਣਿਆਂ ਦੀ ਬਣੀ ਹੋਈ ਏ।"

ਹਰ ਵੇਲੇ ਕੜਾਹ ਦੀਆਂ ਆਵਾਜ਼ਾਂ ਸੁਣਦੇ ਤੇ ਖੁਸ਼ਬੋਆਂ ਲੈਂਦੇ ਸੁੰਦਰ ਨੂੰ ਦੁਕਾਨ ਵਿਚੋਂ ਖਾਣ ਵਾਸਤੇ ਕੜਾਹ ਕਦੀ ਨਹੀਂ ਸੀ ਮਿਲਿਆ। ਹਰ ਰੋਜ਼ ਕੜਾਹ ਦਾ ਅਖ਼ੀਰਲਾ ਤੋਲਾ ਵੀ ਵਿਕ ਜਾਂਦਾ ਸੀ ਤੇ ਜਦੋਂ ਮਾਂਜਣ ਲਈ ਕੜਾਹੀ ਮਿਲਦੀ ਤਾਂ ਅਸਲੋਂ ਖ਼ਾਲੀ ਹੀ ਹੁੰਦੀ। ਜੇ ਕਿਤੋਂ ਕੜਾਹ ਮਿਲਦਾ ਸੀ ਤਾਂ ਗੁਰਦਵਾਰਿਓਂ, ਤੇ ਗੁਰਦਵਾਰੇ ਓਹ ਹਰ ਰੋਜ਼ ਰਾਤ ਨੂੰ ਜਾਂਦਾ, ਕਦੀ ਥੋੜਾ ਚਿਰ ਪਹਿਲਾਂ ਤੇ ਕਦੀ ਅਸਲੋਂ ਵੇਲੇ ਸਿਰ। ਜਿਸ ਦਿਨ ਜਾਂਦਿਆਂ ਸਾਰ ਹੀ ਉਸਨੂੰ ਕੜਾਹ ਮਿਲ ਜਾਂਦਾ ਓਸ ਦਿਨ ਉਹ ਬੜਾ ਮੋਰਚਾ ਫ਼ਤਹ ਹੋਇਆ ਸਮਝਦਾ ਸੀ। ਅੰਦਰ ਬੈਠਕੇ ਉਡੀਕਣਾ ਉਸ ਵਾਸਤੇ ਬੜਾ ਔਖਾ ਕੰਮ ਸੀ। ਉਹ ਜਾਣਦਾ ਸੀ ਕਿ ਸਾਰੇ ਲੋਕ ਕੇਵਲ ਕੜਾਹ ਹੀ ਲੈਣ ਨਹੀਂ ਆਉਂਦੇ, ਕੜਾਹ ਦਾ ਲਾਲਚ ਕਰਨਾ ਕੁਝ ਪਾਪ ਜਿਹਾ ਵੀ ਸੀ ਤੇ ਸਾਰੇ ਲੋਕੀਂ ਉਸ ਨੂੰ ਲਝ ਸਮਝਦੇ ਸਨ। ਗੁਰਦਵਾਰੇ ਦੇ ਤੇਜ਼ ਚਾਨਣ ਵਿਚ ਆਪਣੇ ਕਪੜੇ, ਲੱਤਾਂ ਤੇ ਹਥ ਪੈਰ ਉਸ ਨੂੰ ਹੋਰ ਵਧੇਰੇ ਮੈਲੇ ਜਾਪਦੇ। ਆਪਣੇ ਵਰਗਾ ਹੋਰ ਕੋਈ ਆਦਮੀ ਦਵਾਲੇ ਨਾ ਵੇਖਕੇ ਉਹ ਕੁਝ ਘਬਰਾਉਂਦਾ। ਇਸ ਸਭ ਕੁਝ ਲਈ ਆਪਣੇ ਆਪ ਨੂੰ ਦੋਸ਼ੀ ਸਮਝਕੇ ਉਹ ਕੜਾਹ ਲੈ ਬਾਹਰ ਦੌੜ ਜਾਣ ਦੀ ਉਡੀਕ ਵਿਚ ਰਹਿੰਦਾ। ਐਤਵਾਰ ਵਾਲੇ ਦਿਨ ਹਫ਼ਤੇਵਾਰੀ ਦੀਵਾਨ ਕੁਝ ਚਿਰਕਾ ਸਮਾਪਤ ਹੁੰਦਾ ਸੀ। ਉਸ ਦਿਨ ਸੁੰਦਰ ਵੀ ਚਿਰਕਾ ਆਉਂਦਾ ਤੇ ਦੂਸਰੇ ਦਿਨਾਂ ਜਿਨੀ ਬੈਠਣ ਦੀ ਸੇਵਾ ਕਰਕੇ ਹੀ ਕੜਾਹ

ਪ੍ਰਸ਼ਾਦ ਲੈ ਲੈਂਦਾ।

ਇਕ ਐਤਵਾਰ ਦੀਵਾਨ ਚੋਖਾ ਲੰਮਾ ਹੋ ਗਿਆ। ਪੰਜਾਬ ਤੋਂ ਇਕ ਪ੍ਰਚਾਰਕ ਆਏ ਹੋਏ ਸਨ। ਉਹ ਇਸ ਗਲ ਦਾ ਪ੍ਰਚਾਰ ਕਰ ਰਹੇ ਸਨ ਕਿ ਸਿਖਾਂ ਦਾ ਦਿਮਾਗੀ ਮਿਆਰ ਬਹੁਤ ਨੀਵਾਂ ਹੈ ਤੇ ਇਨ੍ਹਾਂ ਵਿਚ ਵਧੀਆ ਦਿਮਾਗਾਂ ਦੀ ਕੋਈ ਕਦਰ ਨਹੀਂ ਅਤੇ ਪੰਥ ਦੇ ਹੋਰ ਵਡੇ ਵਡੇ ਪ੍ਰਚਾਰਕ ਉਨ੍ਹਾਂ ਦੀ ਇਸ ਰਾਏ ਨਾਲ ਸਹਿਮਤ ਸਨ। ਕਿਸੇ ਹੋਰ ਮਜ਼ਹਬ ਵਿਚ—ਅਰਥਾਤ ਜੇ ਉਹ ਕਿਸੇ ਹੋਰ ਮਜ਼ਹਬ ਦਾ ਪਰਚਾਰ ਕਰਦੇ ਤਾਂ ਉਨ੍ਹਾਂ ਦੀ ਚੋਖੀ ਮਾਨਤਾ ਹੁੰਦੀ ਆਦਿ ਆਦਿ। ਇਸ ਤੋਂ ਪਿਛੋਂ ਗੁਰੂ ਅਰਜਨ ਦੇਵ ਜੀ ਦਾ ਗੁਰਪੁਰਬ ਮੰਨਾਉਣ ਵਾਸਤੇ ਮਾਇਆ ਦੀ ਉਗਰਾਹੀ ਹੋਈ। ਹਰ ਦਾਨੀ ਸਜਣ ਦਾ ਨਾਂ, ਰੁਤਬਾ ਜਾਂ ਹੋਰ ਜਾਣ ਪਛਾਣ ਤੇ ਪੂਰਾ ਪਤਾ ਦਸਕੇ ਅਰਦਾਸਾ ਕੀਤਾ ਜਾਂਦਾ ਤੇ ਅਰਦਾਸਾ ਕਰਾਉਣ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਕਿੰਨੇ ਹੀ ਚਿਰ ਤੀਕ ਅਰਦਾਸਾਂ ਗੂੰਜਦੀਆਂ ਰਹੀਆਂ। ਇਸ ਤੋਂ ਉਪਰੰਤ ਸ਼ਿਮਲੇ ਦਾ ਮਲਮਲ ਦਾ ਕੋਟਾ, ਸਿਖਾਂ ਦਾ ਇਸ ਵਿਚ ਹਿਸਾ, ਆਪਣਾ ਕੋਟਾ ਲੈਣ ਦਾ ਤਰੀਕਾ ਆਦਿ ਦਸਿਆ ਗਿਆ ਤੇ ਘੜੀ ਨੇ ਸਾਢੇ ਗਿਆਰਾਂ ਵਜਾ ਦਿਤੇ। ਸੰਗਤ ਅਰਦਾਸੇ ਵਾਸਤੇ ਸਾਵਧਾਨ ਹੋਈ ਪਰ ਸੁੰਦਰ ਅਜ ਵੀ ਬੈਠਾ ਸੀ। ਲੰਮੇ ਦਿਨ ਦੇ ਥਕੇਵੇਂ ਕਰਕੇ ਉਸ ਦੀ ਅਖ ਲਗ ਗਈ ਹੋਈ ਸੀ ਤੇ ਉਹ ਉਹ ਸਵਾਦ ਮਾਣ ਰਿਹਾ ਸੀ, ਜਿਸ ਵਿਚ ਉਹ ਸ਼ਿਮਲੇ ਦੇ ਵਡੇ ਤੋਂ ਵਡੇ ਧਨਾਢ ਦਾ ਸਾਂਝੀਵਾਲ ਸੀ। ਜੀਵਨ ਭਰ ਦੀਆਂ ਅਧੂਰੀਆਂ ਇਛਾਵਾਂ ਸੁਪਨਿਆਂ ਰਾਹੀਂ ਸੰਪੂਰਨ ਹੋਣ ਟੁਰੀਆਂ। ਦਿਮਾਗ਼ ਦੀ ਚੋਕੀਦਾਰੀ ਤੋਂ ਛੁਟਕੇ ਚੰਚਲ ਮਨ ਜੀਵਨ ਦੇ ਸਿਖ਼ਰ ਤੇ ਅਪੜਨ ਲਈ ਤਿਆਰ ਬੈਠਾ ਸੀ। ਹੁਣ ਭੁਖਿਆਂ ਦਾ ਰਜਕੇ 'ਬਸ' ਆਖਣ ਦਾ ਵੇਲਾ ਸੀ। ਗੁਰਦਵਾਰੇ ਦਾ ਹਾਲ ਖਾਲੀ ਪਿਆ ਸੀ। ਸਾਰੀ ਸੰਗਤ ਘਰਾਂ ਨੂੰ

ਜਾ ਚੁਕੀ ਸੀ। ਸੁੰਦਰ ਕੁਝ ਦੇਰ ਨਾਲ ਅਪੜਿਆ। ਭਾਈ ਜੀ ਨੇ ਆਉਂਦੇ ਨੂੰ ਕਿਹਾ, "ਲੈ ਕਾਕਾ ਅਜ ਕੜਾਹ ਪਰਸ਼ਾਦ ਬਹੁਤਾ ਵਧ ਗਿਆ ਹੈ ਤੂੰ ਰਜਕੇ ਖਾ ਲੈ।" ਸੁੰਦਰ ਬੈਠ ਗਿਆ ਤੇ ਭਾਈ ਜੀ ਨੇ ਉਸਦਾ ਬੁਕ ਭਰ ਦਿਤਾ। ਸੁੰਦਰ ਨੇ ਅਜੇ ਉਹ ਮੁਕਾਇਆ ਨਹੀਂ ਸੀ ਕਿ ਭਾਈ ਜੀ ਨੇ ਹੋਰ ਭਰ ਦਿਤਾ ਤੇ ਇਸ ਤਰ੍ਹਾਂ ਹੋਰ ਤੇ ਫਿਰ ਹੋਰ। ਕੜਾਹ ਡਿਗ ਡਿਗ ਕੇ ਸੁੰਦਰ ਦੀ ਝੋਲੀ ਵਿਚ ਪੈਣ ਲਗਾ। ਹੌਲੀ ਹੌਲੀ ਝੋਲੀ ਵੀ ਭਰ ਗਈ ਤੇ ਕੜਾਹ ਹੇਠਾਂ ਡਿਗਣ ਲਗ ਪਿਆ ਪਰ ਭਾਈ ਜੀ ਅਜੇ ਵੀ ਬਸ ਨਹੀਂ ਸਨ ਕਰਦੇ। "ਹੇਠੋਂ ਸਾਰਾ ਚੁਕ ਕੇ ਝੋਲੀ ਵਿਚ ਪਾ ਲੈ ਕਾਕਾ, ਗੁਰਦਵਾਰੇ ਦਾ ਪ੍ਰਸ਼ਾਦ ਭੁੰਜੇ ਨਹੀਂ ਸੁਟੀਦਾ।" ਸੁੰਦਰ ਨੇ ਕੜਾਹ ਕਠਾ ਕਰਨ ਲਈ ਭੁੰਏਂ ਤੇ ਹਥ ਮਾਰਿਆ। ਘੜੀ ਨੇ ਰਾਤ ਦੇ ਬਾਰਾਂ ਵਜਾਏ। ਚੌਕੀਦਾਰ ਰਾਤ ਵਾਸਤੇ ਗੁਰਦਵਾਰੇ ਦੇ ਬੂਹ ਬੰਦ ਕਰ ਰਿਹਾ ਸੀ। ਅਖੀਂ ਮਲਦਾ ਮਲਦਾ ਸੁੰਦਰ ਦਰਵਾਜ਼ਿਓਂ ਬਾਹਰ ਨਿਕਲ ਗਿਆ।